# ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਹਿੰਦੀ ਸਾਹਿਤ ਸਿਰਜਣ ਤੇ ਕਾਵਿ ਗਾਇਨ ਮੁਕਾਬਲੇ ਦੇ ਨਿਯਮ

**1. ਪਾਤਰਤਾ**

1. ਸਾਰੇ ਮੁਕਾਬਲੇ (ਸਾਹਿਤ ਸਿਰਜਣ ਤੇ ਕਾਵਿ ਗਾਇਨ) ਜ਼ਿਲ੍ਹਾ ਪੱਧਰ 'ਤੇ ਹੋਣਗੇ।
2. ਹਰੇਕ ਜ਼ਿਲ੍ਹੇ ਵਿੱਚ ਕੇਵਲ ਉਸ ਜ਼ਿਲ੍ਹੇ ਦੇ 10+2 ਜਮਾਤਾਂ ਤੱਕ ਦੇ ਵਿਦਿਆਰਥੀ ਹੀ ਭਾਗ ਲੈ ਸਕਣਗੇ। ਪ੍ਰਮਾਣ ਵਜੋਂ ਪੇਸ਼ ਕੀਤਾ ਜਾਣ ਵਾਲਾ ਸਰਟੀਫਿਕੇਟ ਸਕੂਲ ਦੇ ਮੁਖੀ ਦੁਆਰਾ ਤਸਦੀਕ ਕੀਤਾ ਹੋਣਾ ਚਾਹੀਦਾ ਹੈ। ਹਰੇਕ ਸਕੂਲ ਇੱਕ ਵਿਧਾ (ਕਵਿਤਾ, ਕਹਾਣੀ, ਲੇਖ ਰਚਨਾ ਅਤੇ ਕਾਵਿ ਗਾਇਨ) ਵਿੱਚ ਕੇਵਲ ਦੋ-ਦੋ ਵਿਦਿਆਰਥੀ ਭੇਜ ਸਕਦਾ ਹੈ।
3. ਇਸ ਮੰਤਵ ਲਈ ਚੰਡੀਗੜ੍ਹ ਨੂੰ ਇੱਕ ਜ਼ਿਲ੍ਹਾ ਤਸੱਵਰ ਕੀਤਾ ਜਾਵੇਗਾ। ਪੰਜਾਬ ਰਾਜ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕਦੇ।

**2. ਐਂਟਰੀ ਫਾਰਮ**

1. ਐਂਟਰੀ ਫਾਰਮ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ/ਸਹਾਇੱਕ ਡਾਇਰੈਕਟਰ, ਪੰਜਾਬੀ ਸੈੱਲ, ਚੰਡੀਗੜ੍ਹ ਜਾਂ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਦੇ ਦਫ਼ਤਰ ਤੋਂ ਮੁਫ਼ਤ ਅਤੇ ਵਿਭਾਗ ਦੀ ਵੈੱਬਸਾਈਟ www.bhashavibhagpunjab.org ਤੋਂ ਆਨਲਾਈਨ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।
2. ਐਂਟਰੀ ਨਿਸ਼ਚਿਤ ਫਾਰਮ ਉੱਤੇ ਹਰ ਪੱਖੋਂ ਮੁਕੰਮਲ ਹੋਣੀ ਚਾਹੀਦੀ ਹੈ। ਨਾ ਮੁਕੰਮਲ ਅਤੇ ਅਧੂਰੇ ਫਾਰਮਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
3. ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਐਂਟਰੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**3. ਸਾਹਿਤ ਸਿਰਜਣ (ਲੇਖ, ਕਵਿਤਾ ਅਤੇ ਕਹਾਣੀ ਰਚਨਾ)**

1. ਮੁਕਾਬਲੇ ਵਿੱਚ ਮੌਕੇ 'ਤੇ ਹੀ ਦਿੱਤੇ ਵਿਸ਼ੇ/ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ 300 ਸਬਦਾਂ ਤੱਕ ਦੀ ਕਵਿਤਾ, 600 ਸ਼ਬਦਾਂ ਦਾ ਲੇਖ ਅਤੇ ਕਹਾਣੀ ਰਚਨਾ ਕਰਨੀ ਹੋਵੇਗੀ।
2. ਰਚਨਾ ਮੌਲਿਕ ਹੋਣੀ ਚਾਹੀਦੀ ਹੈ, ਪਹਿਲਾਂ ਕਿਤੇ ਪ੍ਰਕਾਸ਼ਿਤ ਨਾ ਹੋਈ ਹੋਵੇ।

**4. ਕਾਵਿ ਗਾਇਨ**

1. ਇੱਕ ਅਜਿਹੀ ਕਾਵਿ ਰਚਨਾ ਜੋ ਕਿਸੇ ਪੁਸਤਕ, ਰਸਾਲੇ, ਅਖਬਾਰ ਵਿੱਚ ਛਪੀ ਹੋਵੇ, ਨੂੰ ਹੀ ਗਾਉਣ ਦੀ ਆਗਿਆ ਦਿੱਤੀ ਜਾਵੇਗੀ। ਕਾਵਿ ਰਚਨਾ ਦਾ ਸਰੋਤ ਦੱਸਣਾ ਲਾਜ਼ਮੀ ਹੋਵੇਗਾ।
2. ਇਨ੍ਹਾਂ ਮੁਕਾਬਲਿਆਂ ਵਿੱਚ ਕੋਈ ਅਜਿਹੀ ਰਚਨਾ ਨਹੀਂ ਗਾਈ ਜਾਵੇਗੀ ਜੋ ਸਮਾਜਿਕ, ਧਾਰਮਿਕ ਜਾਂ ਰਾਜਨੀਤਕ ਪੱਖ ਤੋਂ ਇਤਰਾਜ਼ਯੋਗ ਹੋਵੇ।
3. ਕਾਵਿ ਗਾਇਨ ਮੁਕਾਬਲੇ ਵਿੱਚ ਰਚਨਾ ਗਾ ਕੇ ਹੀ ਪੇਸ਼ ਕੀਤੀ ਜਾਣੀ ਹੋਵੇਗੀ।
4. ਮੁਕਾਬਲੇ ਕੇਵਲ ਵਿਅਕਤੀਗਤ ਹੋਣਗੇ। ਸਮੂਹਿਕ ਗਾਇਨ ਵਰਜਿਤ ਹੈ।
5. ਕਾਵਿ ਗਾਇਨ ਸਮੇਂ ਸੁਵਿਧਾ ਅਨੁਸਾਰ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਪ੍ਰੰਤੂ ਮੁਲਾਂਕਣ ਵਿੱਚ ਪਹਿਲ ਗਾਇਨ ਨੂੰ ਦਿੱਤੀ ਜਾਵੇਗੀ।
6. ਮੁਕਾਬਲੇ ਵਿੱਚ ਭਾਗ ਲੈਣ ਵਾਲੇ ਹਰ ਪ੍ਰਤਿਯੋਗੀ ਨੂੰ ਕਾਵਿ ਗਾਇਨ ਕਰਨ ਲਈ ਘੱਟੋ ਘੱਟ ਤਿੰਨ ਮਿੰਟ ਅਤੇ ਵੱਧ ਤੋਂ ਵੱਧ ਪੰਜ ਮਿੰਟ ਦਾ ਸਮਾਂ ਦਿੱਤਾ ਜਾਵੇਗਾ।

**5. ਸਮਾਂ ਅਤੇ ਸਥਾਨ**

ਮੁਕਾਬਲੇ ਦੀ ਥਾਂ ਬਾਰੇ ਸੂਚਨਾ ਬਿਨੈਕਾਰਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਸਮੇਂ ਸਿਰ ਦਿੱਤੀ ਜਾਵੇਗੀ।

**6. ਇਨਾਮ**

ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਪ੍ਰਤੀਯੋਗੀਆਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ।

| | ਜ਼ਿਲ੍ਹਾ ਪੱਧਰ |
|---|---|
| ਪਹਿਲਾ ਇਨਾਮ | 1000/- ਰੁਪਏ |

ਦੂਜਾ ਇਨਾਮ 750/- ਰੁਪਏ

ਤੀਜਾ ਇਨਾਮ 500/- ਰੁਪਏ

ਮੁਕਾਬਲਿਆਂ ਵਿੱਚ ਦਿੱਤੀ ਜਾਣ ਵਾਲੀ ਇਨਾਮਾਂ ਦੀ ਰਕਮ ਨਕਦ ਜਾਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਛਪੀਆਂ ਪੁਸਤਕਾਂ/ ਰਸਾਲਿਆਂ ਦੇ ਰੂਪ ਵਿੱਚ ਦਿੱਤੀ ਜਾਵੇਗੀ।

7. **ਨਿਰਣਾ**

ੳ. ਜੱਜਾਂ ਦਾ ਨਿਰਣਾ ਅੰਤਿਮ ਹੋਵੇਗਾ।

ਅ. ਨਿਰਣੇ ਸਮੇਂ ਕਾਵਿ ਰਚਨਾ ਦੀ ਚੋਣ, ਉਚਾਰਨ, ਸੁਰਤਾਲ, ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

ੲ. ਮੁਕਾਬਲਿਆਂ ਸਬੰਧੀ ਕਿਸੇ ਵੀ ਵਾਦ-ਵਿਵਾਦ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਪ੍ਰਤਿਨਿਧ ਨੂੰ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।

8. ਜ਼ਿਲ੍ਹਾ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ ਸਬੰਧਤ ਜ਼ਿਲ੍ਹਾ ਭਾਸ਼ਾ ਅਫਸਰ ਆਪਣੇ ਦਸਤਖਤਾਂ ਹੇਠ ਪ੍ਰਮਾਣ ਪੱਤਰ ਦੇਣਗੇ।

9. ਇਹ ਮੁਕਾਬਲੇ ਕੇਵਲ ਜ਼ਿਲ੍ਹਾ ਪੱਧਰ ਤੇ ਹੀ ਹੋਣਗੇ।

10. ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਿਭਾਗ ਵੱਲੋਂ ਕੋਈ ਵੀ ਸਫ਼ਰ ਖਰਚ ਜਾਂ ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।

11. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਕਤ ਨਿਯਮਾਂ ਵਿੱਚ ਕਿਸੇ ਵੀ ਸਮੇਂ ਲੋੜ ਅਨੁਸਾਰ ਸੋਧ ਕਰ ਸਕਦੇ ਹਨ।

13/8/26

**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

# ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

(ਭਾਸ਼ਾ ਭਵਨ, ਸ਼ੇਰਾ ਵਾਲਾ ਗੇਟ, ਪਟਿਆਲਾ)

## ਹਿੰਦੀ ਸਾਹਿਤ ਸਿਰਜਣ ਤੇ ਕਾਵਿ ਗਾਇਨ ਮੁਕਾਬਲੇ ਲਈ ਬਿਨੈਪੱਤਰ

1. ਪ੍ਰਤੀਯੋਗੀ ਦਾ ਨਾਮ........................................................................
2. ਸਕੂਲ ਦਾ ਨਾਮ..............................................................................
3. ਪਿਤਾ ਦਾ ਨਾਮ..............................................................................
4. ਮਾਤਾ ਦਾ ਨਾਮ..............................................................................
5. ਘਰ ਦਾ ਪਤਾ.................................................................................
6. ਉਮਰ (ਜਨਮ ਮਿਤੀ ਸਮੇਤ)..................................................................
7. ਜਮਾਤ .......................................................................................
8. ਵੰਨਗੀ ਜਿਸ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ.................................................
   (ਕਵਿਤਾ, ਕਹਾਣੀ, ਲੇਖ ਰਚਨਾ ਜਾਂ ਕਾਵਿ ਗਾਇਨ)
9. ਕਵੀ ਦਾ ਨਾਮ/ਕਵਿਤਾ ਦਾ ਸਰੋਤ (ਕਾਵਿ ਗਾਇਨ ਸਬੰਧੀ)....................................
10. ਵਿਦਿਆਰਥੀ ਦਾ ਫੋਨ ਨੰਬਰ..................................................................
11. ਅਧਿਆਪਕ ਦਾ ਮੋਬਾਈਲ ਨੰ. (ਵਟਸਐਪ)........................................................

## ਪ੍ਰਮਾਣ ਪੱਤਰ

ਮੈਂ ਇਸ ਮੁਕਾਬਲੇ ਦੇ ਨਿਯਮ ਪੜ੍ਹ ਲਏ ਹਨ। ਮੈਂ ਇਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਾਂਗਾ/ਕਰਾਂਗੀ।

ਬਿਨੈਕਾਰ ਦੇ ਹਸਤਾਖ਼ਰ........................................

ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਬਿਨੈਕਾਰ ਦੇ ਉਪਰੋਕਤ ਵੇਰਵੇ ਸਹੀ ਹਨ।

ਸੰਸਥਾ ਦੇ ਮੁਖੀ ਦੇ ਹਸਤਾਖਰ ਸਮੇਤ ਮੋਹਰ........................................

ਨਾਮ........................................................................

ਫੋਨ ਨੰਬਰ...................................................................